# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਪ੍ਰੀਖਿਆ ਸ਼ਾਖਾ (ਜੀ.ਏ.ਦਫਤਰ)

ਨੰਬਰ...36672/coe
ਮਿਤੀ....10/11/25

## ਇਸ ਸੁਨਹਿਰੀ ਮੌਕਾ/ਗੋਲਡਨ ਚਾਂਸ ਲਈ ਸ਼ਰਤਾਂ:

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਵੇਂ ਸ਼ਹੀਦੀ ਦਿਵਸ ਦੇ ਸੰਦਰਭ ਵਿੱਚ 2011 ਤੋਂ ਬਾਅਦ ਦੇ ਵਿਦਿਆਰਥੀਆਂ ਨੂੰ ਡਿਗਰੀਆਂ ਵਿੱਚ Imrpovement /ਪੂਰਾ ਕਰਨ ਲਈ ਦਿੱਤੇ ਸੁਨਹਿਰੀ ਮੌਕੇ ਸਬੰਧੀ **ਪ੍ਰੀਖਿਆ ਸ਼ਾਖਾ ਦੇ ਪੱਤਰ ਨੰਬਰ:179/ARE, ਮਿਤੀ: 28.10.2025 ਦੀ ਲਗਾਤਾਰਤਾ ਵਿੱਚ ਸੋਧੀਆ ਸ਼ਰਤਾਂ:**

1). ਕੰਟਰੋਲਰ (ਪ੍ਰੀਖਿਆਵਾਂ) ਦਫਤਰ ਦੇ ਪੱਤਰ ਨੰਬਰ:179/ARE, ਮਿਤੀ:28.10.2025 ਦੀ ਲਗਾਤਾਰਤਾ ਵਿੱਚ ਇਸ ਗੋਲਡਨ ਚਾਂਸ ਦੀ ਪਹਿਲਾਂ ਨਿਰਧਾਰਿਤ ਫੀਸ 50000/-(ਪੰਜਾਹ ਹਜ਼ਾਰ ਰੁਪਏ) ਤੋਂ ਘੱਟ ਕਰਕੇ ਇਸ ਰਾਸੀ ਦਾ 35 ਪ੍ਰਤੀਸ਼ਤ ਭਾਵ 17500/-(ਸਤਾਰਾਂ ਹਜ਼ਾਰ ਪੰਜ ਸੌ ਰੁਪਏ)+3000/-(ਉਕਾ ਪੁੱਕਾ ਪ੍ਰੀਖਿਆ ਫੀਸ) ਹੋਵੇਗੀ।

2). ਕਮੇਟੀ ਨੇ ਫੈਸਲਾ ਕੀਤਾ ਕਿ ਹੁਣ ਇਸ ਗੋਲਡਨ ਚਾਂਸ ਲਈ ਫਾਰਮ ਭਰਨ ਦੀ ਆਖਿਰੀ ਮਿਤੀ 15.11.2025 ਤੋਂ ਵਧਾ ਕੇ 21.11.2025 ਹੋਵੇਗੀ।

3). ਕਮੇਟੀ ਨੇ ਫੈਸਲਾ ਕੀਤਾ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਇਸ ਗੋਲਡਨ ਚਾਂਸ ਲਈ ਆਪਣੀ ਫੀਸ ਪਹਿਲਾਂ ਨਿਰਧਾਰਿਤ ਫੀਸ ਮੁਤਾਬਿਕ ਭਰਵਾ ਦਿੱਤੀ ਹੈ ਉਹ ਆਪਣੀ ਵੱਧ ਭਰੀ ਫੀਸ ਰਿਫੰਡ ਕਰਨ ਸਬੰਧੀ ਨਾਲ ਨੱਥੀ ਬਿਨੈ-ਪੱਤਰ ਪ੍ਰੋਫਾਰਮਾ ਭਰ ਕੇ ਅਤੇ ਲੋੜੀਂਦੇ ਦਸਤਾਵੇਜ਼ ਨੱਥੀ ਕਰਕੇ 15.12.2025 ਤੱਕ ਜਮ੍ਹਾਂ ਕਰਨ ਉਪਰੰਤ ਰਿਫੰਡ ਕਰਵਾ ਸਕਦੇ ਹਨ।

4). ਕਮੇਟੀ ਨੇ ਫੈਸਲਾ ਕੀਤਾ ਕਿ ਸਾਲਾਨਾ ਪ੍ਰਣਾਲੀ ਅਧੀਨ ਆਉਂਦੇ ਵਿਦਿਆਰਥੀਆਂ ਨੂੰ ਇਸ ਸਕੀਮ ਅਧੀਨ ਇਸ ਮੌਕੇ ਦਾ ਲਾਭ ਦੇਣ ਸਬੰਧੀ ਫੈਸਲਾ 15.01.2026 ਤੋਂ ਬਾਅਦ ਸੂਚਿਤ ਕਰ ਦਿੱਤਾ ਜਾਵੇਗਾ।

5). **ਇਸ ਗੋਲਡਨ ਚਾਂਸ ਲਈ Odd Semesters (1,3,5…) ਦੇ ਵਿਸ਼ਿਆਂ ਦੇ ਪੇਪਰ ਦਸੰਬਰ-2025 ਵਿੱਚ ਅਤੇ Even Semesters (2,4,6…) ਦੇ ਵਿਸ਼ਿਆਂ ਦੇ ਪੇਪਰ ਮਈ-2026 ਵਿੱਚ ਕਰਵਾਏ ਜਾਣਗੇ।**

6). ਗੋਲਡਨ ਚਾਂਸ ਲਈ ਵਿਦਿਆਰਥੀ ਇੱਕ ਕੋਰਸ ਦੇ **ਵੱਧ ਤੋਂ ਵੱਧ 3 ਵਿਸ਼ਿਆਂ ਦੇ ਪੇਪਰ ਹੀ ਦੇ ਸਕੇਗਾ।** ਇਹ ਤਿੰਨ ਪੇਪਰ ਕਿਸੇ ਕੋਰਸ ਦੇ ਵੱਖ-ਵੱਖ ਸਮੈਸਟਰਾਂ/ਪਾਰਟਾਂ ਵਿੱਚੋਂ ਵੀ ਹੋ ਸਕਦੇ ਹਨ।ਇਕ ਕੋਰਸ ਦੇ ਤਿੰਨ ਵਿਸ਼ਿਆਂ ਲਈ ਸੁਨਹਿਰੀ ਮੌਕੇ/ਗੋਲਡਨ ਚਾਂਸ ਦੀ ਫੀਸ 17500/-(ਸਤਾਰਾਂ ਹਜ਼ਾਰ ਪੰਜ ਸੌ ਰੁਪਏ)+3000(ਉਕਾ ਪੁੱਕਾ ਪ੍ਰੀਖਿਆ ਫੀਸ , ਬੇਸ਼ੱਕ ਤਿੰਨੋਂ ਵਿਸ਼ੇ ਇੱਕ ਸਮੈਸਟਰ/ਪਾਰਟ ਜਾਂ ਵੱਖ-ਵੱਖ ਸਮੈਸਟਰਾਂ/ਪਾਰਟਾਂ ਵਿੱਚੋਂ ਹੋਣ।ਕਿਸੇ ਵੀ ਵਿਸੇ ਦੇ **ਏ, ਬੀ, ਅਤੇ ਸੀ ਪਾਰਟ ਨੂੰ ਇੱਕ ਪੇਪਰ ਹੀ ਮੰਨਿਆ ਜਾਵੇਗਾ।**

7).ਇਹ ਸੁਨਹਿਰੀ ਮੌਕਾ/ਗੋਲਡਨ ਚਾਂਸ **ਮਈ-2011 ਜਾਂ ਇਸ ਤੋਂ ਬਾਅਦ** ਦੇ ਸੈਸ਼ਨ ਦੇ ਸਿਰਫ਼ ਸਮੈਸਟਰ ਪ੍ਰਣਾਲੀ ਤਹਿਤ ਆਉਂਦੇ ਕੋਰਸਾਂ ਲਈ ਦਿੱਤਾ ਜਾ ਰਿਹਾ ਹੈ।ਵਿਦਿਆਰਥੀਆਂ ਦੇ ਪੇਪਰ December-2025 ਅਤੇ May-2026 ਪ੍ਰੀਖਿਆ ਸੈਸ਼ਨਾਂ ਦੌਰਾਨ Odd ਅਤੇ Even ਪ੍ਰਕਿਰਿਆ ਮੁਤਾਬਿਕ ਲਏ ਜਾਣਗੇ।**ਇਹ ਪੇਪਰ ਮੌਜੂਦਾ ਸਿਲੇਬਸ ਅਨੁਸਾਰ ਹੀ ਹੋਣਗੇ।**

8). ਇਹ ਸੁਨਹਿਰੀ ਮੌਕਾ/ਗੋਲਡਨ ਚਾਂਸ ਉਹਨਾਂ ਵਿਦਿਆਰਥੀਆਂ ਲਈ ਹੀ ਉਪਲਬਧ ਹੋਵੇਗਾ ਜਿਹਨਾਂ ਵਿਦਿਆਰਥੀਆਂ ਦੇ ਸਾਰੇ ਵਿਸ਼ੇ ਮੌਕੇ ਖਤਮ ਹੋ ਚੁੱਕੇ ਹਨ ਅਤੇ ਕੋਰਸ ਦੀ ਸਮਾਂ ਸੀਮਾਂ ਵੀ ਖਤਮ ਹੋ ਚੁੱਕੀ ਹੈ।

9). ਇਹਨਾਂ ਇਮਤਿਹਾਨਾਂ ਲਈ **ਪ੍ਰੀਖਿਆ ਕੇਂਦਰ ਸਿਰਫ਼ ਪਟਿਆਲਾ ਵਿਖੇ ਹੀ ਹੋਵੇਗਾ।**

10). ਇਹ ਚਾਂਸ ਕੇਵਲ ਥਿਊਰੀ ਵਿਸਿਆਂ ਲਈ ਹੀ ਉਪਲੱਬਧ ਹੋਵੇਗਾ।ਪ੍ਰੈਕਟੀਕਲ ਪ੍ਰੀਖਿਆ ਲਈ ਇਹ ਮੌਕਾ ਉਪਲੱਬਧ ਨਹੀਂ ਹੋਵੇਗਾ। ਇੰਟਰਨਲ ਪ੍ਰੀਖਿਆਵਾਂ ਵਿਚੋਂ ਫੇਲ ਵਿਦਿਆਰਥੀਆਂ ਲਈ ਇਹ ਮੌਕਾ ਉਪਲੱਬਧ ਨਹੀਂ ਹੋਵੇਗਾ।

11). ਇਹ ਚਾਂਸ ਐਮ.ਫਿਲ/ ਪੀ.ਐਚ.ਡੀ ਦੇ ਕੋਰਸ ਵਰਕ ਦੀਆਂ Qualifying ਪ੍ਰੀਖਿਆਵਾਂ ਲਈ ਨਹੀਂ ਹੋਵੇਗਾ।

12). ਪ੍ਰੀਖਿਆ ਫਾਰਮ ਆਨ ਲਾਈਨ ਭਰਨਾ ਹੋਵੇਗਾ, ਜੋ ਕਿ ਯੂਨੀਵਰਸਿਟੀ ਵੈਬਸਾਈਟ **https://pupexamination.ac.in** ਤੇ ਉਪਲੱਬਧ ਹੋਵੇਗਾ।

13). ਸੁਨਹਿਰੀ ਮੌਕੇ/ਗੋਲਡਨ ਚਾਂਸ ਲਈ ਪ੍ਰੀਖਿਆ ਫਾਰਮ ਭਰਨ ਅਤੇ ਫੀਸ ਭਰਨ ਲਈ ਸ਼ਡਿਊਲ **https://ds19pupexamination.ac.in** ਵੈਬਸਾਈਟ ਤੇ ਉਪਲਬਧ ਹੋਵੇਗਾ।

14). ਇੱਕ ਵਾਰ ਭਰੀ ਹੋਈ **ਫੀਸ ਕਿਸੇ ਵੀ ਹਾਲਤ ਵਿੱਚ ਰਿਫੰਡ ਨਹੀਂ ਹੋਵੇਗੀ।**

15). ਪੇਪਰ ਕਰਵਾਉਣ ਜਾਂ ਨਾ ਕਰਵਾਉਣ ਦਾ ਅੰਤਮ ਫੈਸਲਾ ਯੂਨੀਵਰਸਿਟੀ ਪਾਸ ਸੁਰੱਖਿਅਤ ਹੋਵੇਗਾ।

ਕਿਸੇ ਕਿਸਮ ਦੀ ਔਕੜ ਆਉਣ ਜਾਂ ਕਿਸੇ ਹੋਰ ਜਾਣਕਾਰੀ ਲਈ ਸੁਪਰਡੈਂਟ ਸ੍ਰੀ ਸਾਹਿਬ ਸਿੰਘ (9781299715), ਸੁਪਰਡੈਂਟ ਸ੍ਰੀ ਮਤੀ ਰਾਜ ਕੌਰ (9357804139) ਅਤੇ ਜਨਰਲ ਸਹਾਇਕ (ਪ੍ਰੀ.) ਸ੍ਰੀ ਭੁਪਿੰਦਰ ਸਿੰਘ ਢਿੱਲੋਂ (9814126833) ਨਾਲ ਕੰਮ ਕਾਜੀ ਦਿਨਾਂ ਦੌਰਾਨ ਕੇਵਲ ਦਫ਼ਤਰੀ ਸਮੇਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ।

10/11/25

ਕੰਟਰੋਲਰ (ਪ੍ਰੀਖਿਆਵਾਂ)

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

**ਸੈਸ਼ਨ ਦਸੰਬਰ-2025 ਦੌਰਾਨ ਵਿਦਿਆਰਥੀ ਵੱਲੋਂ ਵਾਧੂ ਜਮ੍ਹਾਂ ਕਰਵਾਈ ਗੋਲਡਨ ਚਾਂਸ ਦੀ ਵਾਧੂ ਭਰੀ ਫੀਸ ਰਿਫੰਡ ਕਰਨ ਸਬੰਧੀ ਬਿਨੈ-ਪੱਤਰ ਪ੍ਰੋਫਾਰਮਾ**

1) ਵਿਦਿਆਰਥੀ ਦਾ ਨਾਮ: ..........................................................................

2) ਪਿਤਾ ਦਾ ਨਾਮ: ..........................................................................

3) ਕਲਾਸ: ..........................................................................

4) ਰੋਲ ਨੰਬਰ: ..........................................................................

5) ਐਪਲੀਕੇਸ਼ਨ ਆਈ.ਡੀ. ਨੰਬਰ: ..........................................................................

6) ਸੈਸ਼ਨ: ..........................................................................

7) ਵਿਭਾਗ/ਕਾਲਜ ਦਾ ਨਾਮ: ..........................................................................

8) ਸੰਪਰਕ ਨੰਬਰ: ..........................................................................

9) ਜਮ੍ਹਾਂ ਕਰਵਾਈ ਗਈ ਰਾਸ਼ੀ
(ਰੁਪਏ) ਅਤੇ ਮਿਤੀ ..........................................................................

10) ਫੀਸ ਰਸੀਦ ..........................................................................
*ਬੈਂਕ ਦਾ ਨਾਮ (ਜੇਕਰ ਫੀਸ ਬੈਂਕ ਰਾਂਹੀ ਜਮ੍ਹਾਂ ਕਰਵਾਈ ਗਈ ਹੈ) ....................................
*ਰੈਫਰੈਂਸ ਨੰਬਰ (ਜੇਕਰ ਫੀਸ ਆਨਲਾਈਨ ਜਮ੍ਹਾਂ ਕਰਵਾਈ ਹੈ) ....................................

11) ਵਿਦਿਆਰਥੀ ਦਾ ਬੈਂਕ ਖਾਤਾ ਨੰਬਰ ਜਿਸ ਵਿਚ ਫੀਸ ਰਿਫੰਡ ਕਰਵਾਉਣੀ ਹੈ ..........................
IFSC Code ........................... Bank Name and Branch Address ................................
........................................

ਵਿਦਿਆਰਥੀ ਦੇ ਹਸਤਾਖਰ

ਮੁਖੀ/ਪ੍ਰਿੰਸੀਪਲ ਦੇ ਹਸਤਾਖਰ
(ਮੋਹਰ ਸਮੇਤ)

ਨੱਥੀ:
1) ਪ੍ਰੀਖਿਆ ਫਾਰਮ ਦੀ ਕਾਪੀ
2) ਵਿਦਿਆਰਥੀ ਦੁਆਰਾ ਜਮ੍ਹਾਂ ਕਰਵਾਈ ਗਈ ਫੀਸ ਦੀ ਅਸਲ ਰਸੀਦ ਜਾਂ ਤਸਦੀਕਸ਼ੁਦਾ ਕਾਪੀ।
3) ਵਿਦਿਆਰਥੀ ਦੇ ਬੈਂਕ ਪਾਸਬੁੱਕ ਦੀ ਕਾਪੀ।

ਨੋਟ: ਰੀਫੰਡ ਵਾਲੇ ਫਾਰਮ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ **15/12/2025** ਹੈ। ਆਖਰੀ ਮਿਤੀ ਤੋਂ ਬਾਅਦ ਕੋਈ ਵੀ ਫਾਰਮ ਸਵੀਕਾਰ ਨਹੀ ਕੀਤਾ ਜਾਵੇਗਾ।